ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.
(ਦਫਤਰ: ਸਹਾਇਕ ਕਾਰਜਕਾਰੀ ਇੰਜੀਨੀਅਰ, ਟੀ.ਐਲ. ਉਪ ਮੰਡਲ ,ਪੀ.ਐਸ.ਪੀ.ਸੀ.ਐਲ., ਸੰਗਰੂਰ ਹੈਡ ਕੁ: ਬਰਨਾਲਾ।
ਪਤਾ: 66 ਕੇਵੀ ਗ/ਸ/ਸ ਧਨੌਲਾ ਰੋਡ, ਬਰਨਾਲਾ।ਮੋਬਾਇਲ ਨੰ: 96461-19152 E-Mail : tlsangrur@gmail.com

ਵੱਲ:

ਵਣ ਮੰਡਲ ਅਫਸਰ
ਫਿਰੋਜ਼ਪੁਰ।

ਪੱਤਰ ਨੰ: 466 ਮਿਤੀ: 27.08.18

ਵਿਸ਼ਾ: 66 ਕੇਵੀ ਟਾਵਰ ਲਾਈਨ ਫਰਾਮ 66 ਕੇਵੀ ਗ/ਸ/ਸ ਰਾਮੂਵਾਲਾ ਤੋਂ 66 ਕੇਵੀ ਗ/ਸ/ਸ ਚੜਿੱਕ SC/DC ਟਾਵਰ ਲਾਈਨ ਦੀ ਉਸਾਰੀ ਹਿਤ ਵਣ ਵਿਭਾਗ ਦਾ ਪ੍ਰਭਾਵਿਤ ਹੋਣ ਵਾਲਾ ਰਕਬਾ ਦੱਸਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਿਮਨ-ਹਸਤਖਰ ਦੇ ਦਫਤਰ ਵੱਲੋਂ 66 ਕੇਵੀ ਟਾਵਰ ਲਾਈਨ ਫਰਾਮ 66 ਕੇਵੀ ਗ/ਸ/ਸ ਰਾਮੂਵਾਲਾ ਤੋਂ 66 ਕੇਵੀ ਗ/ਸ/ਸ ਚੜਿੱਕ SC/DC ਟਾਵਰ ਲਾਈਨ ਦੀ ਉਸਾਰੀ ਦਾ ਕੰਮ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਵਣ ਵਿਭਾਗ ਦੇ ਪ੍ਰਭਾਵਿਤ ਹੋਣ ਵਾਲੇ ਰਕਬੇ ਅਤੇ ਰੁੱਖਾਂ ਆਦਿ ਦੀਆਂ ਮਾਰਕਿੰਗ ਲਿਸਟਾਂ ਇਸ ਦਫਤਰ ਨੂੰ ਮੁਹੱਈਆ ਕਰਵਾਈਆਂ ਜਾਣ ਜੀ ਤਾਂ ਜੋ ਵਿਸ਼ਾ ਅਨੁਚਿਤ ਲਾਈਨ ਦਾ ਫਾਰੈਸਟ ਕੇਸ ਆਨਲਾਈਨ ਅਪਲਾਈ ਕੀਤਾ ਜਾ ਸਕੇ ਅਤੇ ਵਣ ਵਿਭਾਗ ਤੋਂ ਲੋੜੀਂਦੀ ਕਲੀਅਰੈਂਸ ਪ੍ਰਾਪਤ ਕੀਤੀ ਜਾ ਸਕੇ।ਇਸ ਸਬੰਧੀ ਸਾਈਟ ਵੇਖਣ ਲਈ ਇਸ ਦਫਤਰ ਦੇ ਅਧਿਕਾਰੀ ਇੰਜੀ: ਕੇਸਰ ਸਿੰਘ (ਮੋਬਾਇਲ ਨੰ: 96461-87594) ਨਾਲ ਸੰਪਰਕ ਕਰਕੇ ਜਲਦੀ ਡਾਟਾ ਮੁਹੱਈਆ ਕਰਵਾਇਆ ਜਾਵੇ ਜੀ ਤਾਂ ਜੋ ਪਾਵਰ ਕਾਰਪੋਰੇਸ਼ਨ ਦੇ ਕੰਮਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ ।

ਇਹ ਆਪ ਦੀ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਹੈ ਜੀ।

**ਨੱਥੀ:** ਲਾਈਨ ਦਾ ਲੇਅ-ਆਊਟ ਪਲਾਨ।

ਸਹਾਇਕ ਕਾਰਜਕਾਰੀ ਇੰਜੀਨੀਅਰ
ਟੀ ਐਲ ਉਪ-ਮੰਡਲ
ਸੰਗਰੂਰ ਹੈਡ ਕੁ: ਬਰਨਾਲਾ।

ਪਿੱਠਅੰਕਣ ਨੰ: 467/68 ਮਿਤੀ: 27.08.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਪਾਸ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ:-

1. ਵਣ ਰੇਂਜ ਅਫਸਰ, ਫਰੀਦਕੋਟ/ਮੋਗਾ ।
2. ਵਧੀਕ ਨਿਗਰਾਨ ਇੰਜੀ: ਟੀ.ਐਲ. ਮੰਡਲ, ਪਟਿਆਲਾ ।

27/8/18

ਸਹਾਇਕ ਕਾਰਜਕਾਰੀ ਇੰਜੀਨੀਅਰ
ਟੀ ਐਲ ਉਪ-ਮੰਡਲ
ਸੰਗਰੂਰ ਹੈਡ ਕੁ: ਬਰਨਾਲਾ।

Scanned by CamScanner

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.
(ਦਫਤਰ: ਸਹਾਇਕ ਕਾਰਜਕਾਰੀ ਇੰਜੀਨੀਅਰ, ਟੀ.ਐਲ. ਉਪ ਮੰਡਲ ,ਪੀ.ਐਸ.ਪੀ.ਸੀ.ਐਲ., ਸੰਗਰੂਰ ਹੈਡ ਕੁ: ਬਰਨਾਲਾ।
ਪਤਾ: 66 ਕੇਵੀ ਗ/ਸ/ਸ ਧਨੌਲਾ ਰੋਡ, ਬਰਨਾਲਾ। ਮੋਬਾਇਲ ਨੰ: 96461-19152 E-Mail : tlsangrur@gmail.com

ਵੱਲ:

ਵਣ ਰੇਂਜ ਅਫਸਰ
ਮੋਗਾ।

ਯਾਦ-ਪੱਤਰ-1

**ਪੱਤਰ ਨੰ:** 564 **ਮਿਤੀ:** 06.11.18

ਵਿਸ਼ਾ: 66 ਕੇਵੀ ਟਾਵਰ ਲਾਈਨ ਫਰਾਮ 66 ਕੇਵੀ ਗ/ਸ/ਸ ਰਾਮੂਵਾਲਾ ਤੋਂ 66 ਕੇਵੀ ਗ/ਸ/ਸ ਚੜਿੱਕ SC/DC ਟਾਵਰ ਲਾਈਨ ਦੀ ਉਸਾਰੀ ਹਿਤ ਵਣ ਵਿਭਾਗ ਦਾ ਪ੍ਰਭਾਵਿਤ ਹੋਣ ਵਾਲਾ ਰਕਬਾ ਦੱਸਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਿਮਨ-ਹਸਤਾਖਰ ਦੇ ਦਫਤਰ ਵੱਲੋਂ 66 ਕੇਵੀ ਲਾਈਨ ਫਰਾਮ 66 ਕੇਵੀ ਗ/ਸ/ਸ ਰਾਮੂਵਾਲਾ ਤੋਂ 66 ਕੇਵੀ ਗ/ਸ/ਸ ਚੜਿੱਕ SC/DC ਟਾਵਰ ਲਾਈਨ ਦੀ ਉਸਾਰੀ ਦਾ ਕੰਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਇਸ ਦਫਤਰ ਦੇ ਅਧਿਕਾਰੀ ਇੰਜੀ: ਕੇਸਰ ਸਿੰਘ ਜੇ.ਈ. ਵੱਲੋਂ ਆਪ ਜੀ ਦੇ ਦਫਤਰ ਅਧੀਨ ਕੰਮ ਕਰਦੇ ਵਣ ਗਾਰਡ ਸ਼੍ਰੀ ਗੁਰਦੀਪ ਸਿੰਘ ਨੂੰ **ਸਤੰਬਰ ਮਹੀਨੇ ਦੇ ਪਹਿਲੇ ਹਫਤੇ** ਦੌਰਾਨ ਸਾਈਟ ਵਿਜਿਟ ਵੀ ਕਰਵਾਈ ਜਾ ਚੁੱਕੀ ਹੈ ਪ੍ਰੰਤੂ ਆਪ ਜੀ ਦੇ ਦਫਤਰ ਵੱਲੋਂ ਕਈ ਵਾਰ ਟੈਲੀਫੋਨ ਉੱਪਰ ਗੱਲ ਕਰਨ ਉਪਰੰਤ ਵੀ ਇਹ ਮਾਰਕਿੰਗ ਲਿਸਟਾਂ ਹਲੇ ਤੱਕ ਇਸ ਦਫਤਰ ਨੂੰ ਉਪਲਬਧ ਨਹੀਂ ਕਰਵਾਈਆਂ ਗਈਆਂ ਜਿਸ ਕਾਰਨ ਵਿਸ਼ਾ ਚਰਚਿਤ ਲਾਈਨ ਦਾ ਫਾਰੈਸਟ ਕੇਸ ਅਜੇ ਤੱਕ ਇਸ ਦਫਤਰ ਵੱਲੋਂ ਅਪਲਾਈ ਨਹੀਂ ਕੀਤਾ ਜਾ ਸਕਿਆ। ਇਸ ਸਬੰਧੀ ਵਣ ਵਿਭਾਗ ਦੇ ਪ੍ਰਭਾਵਿਤ ਹੋਣ ਵਾਲੇ ਰਕਬੇ ਅਤੇ ਰੁੱਖਾਂ ਆਦਿ ਦੀਆਂ ਮਾਰਕਿੰਗ ਲਿਸਟਾਂ ਜਲਦ ਤੋਂ ਜਲਦ ਇਸ ਦਫਤਰ ਨੂੰ ਮੁਹੱਈਆ ਕਰਵਾਈਆਂ ਜਾਣ ਜੀ ਤਾਂ ਜੋ ਵਿਸ਼ਾ ਚਰਚਿਤ ਲਾਈਨ ਦਾ ਫਾਰੈਸਟ ਕੇਸ ਆਨਲਾਈਨ ਅਪਲਾਈ ਕੀਤਾ ਜਾ ਸਕੇ ਅਤੇ ਵਣ ਵਿਭਾਗ ਤੋਂ ਲੋੜੀਂਦੀ ਕਲੀਅਰੈਂਸ ਸਮੇਂ ਸਿਰ ਪ੍ਰਾਪਤ ਕਰਕੇ ਪਾਵਰ ਕਾਰਪੋਰੇਸ਼ਨ ਦੇ ਕੰਮਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ ਅਤੇ ਆਮ ਲੋਕਾਂ ਨੂੰ ਨਿਰਵਿਘਣ ਬਿਜਲੀ ਸਪਲਾਈ ਉਪਲਬਧ ਕਰਵਾਈ ਜਾ ਸਕੇ। ਇਸ ਸਬੰਧੀ ਫਾਰੈਸਟ ਕੇਸ ਵਿੱਚ ਹੋਣ ਵਾਲੀ ਦੇਰੀ ਦੀ ਜੁੰਮੇਵਾਰੀ ਇਸ ਦਫਤਰ ਦੀ ਨਹੀਂ ਹੋਵੇਗੀ। ਇਹ ਆਪ ਦੀ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਹੈ ਜੀ।

ਸਹੀ/-
ਸਹਾਇਕ ਕਾਰਜਕਾਰੀ ਇੰਜੀਨੀਅਰ
ਟੀ ਐਲ ਉਪ-ਮੰਡਲ
ਸੰਗਰੂਰ ਹੈਡ ਕੁ: ਬਰਨਾਲਾ।

ਪਿੱਠਅੰਕਣ ਨੰ: 565/67 ਮਿਤੀ: 06.11.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਪਾਸ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ:-

1. ਵਣ ਪਾਲ, ਫਿਰੋਜਪੁਰ ਸਰਕਲ, ਫਿਰੋਜਪੁਰ।
2. ਵਣ ਮੰਡਲ ਅਫਸਰ, ਵਣ ਮੰਡਲ, ਫਿਰੋਜਪੁਰ ਪਾਸ ਇਸ ਦਫਤਰ ਦੇ ਪੱਤਰ ਨੰ: 466 ਮਿਤੀ: 27.08.18 ਦੇ ਹਵਾਲੇ ਵਿੱਚ ਜਾਣਕਾਰੀ ਅਤੇ ਅਗੇਤਰੀ/ਲੋੜੀਂਦੀ ਕਾਰਵਾਈ ਹਿਤ।
3. ਸੀਨੀਅਰ ਕਾਰਜਕਾਰੀ ਇੰਜੀ: ਟੀ.ਐਲ. ਮੰਡਲ, ਪਟਿਆਲਾ ।

for Yatin Singla
ਸਹਾਇਕ ਕਾਰਜਕਾਰੀ ਇੰਜੀਨੀਅਰ
ਟੀ ਐਲ ਉਪ-ਮੰਡਲ
ਸੰਗਰੂਰ ਹੈਡ ਕੁ: ਬਰਨਾਲਾ।

Scanned by CamScanner